ਪੂਰਾ ਨਾਮ: ਫੋਨ:

.................................................................................................

# ਸਿੱਖ ਵਾਤਾਵਰਣ ਦਿਵਸ ਪ੍ਰਣ ਪੱਤਰ

(14-ਮਾਰਚ)

**EcoSikh**
www.ecosikh.org

ਸਿੱਖ ਵਾਤਾਵਰਣ ਦਿਵਸ ਦੇ ਸ਼ੁੱਭ ਦਿਹਾੜੇ ਤੇ, ਪਵਣ, ਪਾਣੀ, ਧਰਤੀ ਅਤੇ ਵਾਹਿਗੁਰੂ ਦੀ ਰਚੀ ਕੁਦਰਤ ਦੇ ਪਿਆਰ ਸਦਕਾ, ਮੈਂ ਅਤੇ ਮੇਰਾ ਪਰਿਵਾਰ ਪ੍ਰਣ ਕਰਦੇ ਹਾਂ ਕਿ ਅਸੀਂ:

1. ਇੱਕ ਬੂਟਾ ਆਪਣੇ (ਘਰ/ਦਫਤਰ/ਗੁਰਦੁਆਰੇ) ਵਿੱਚ ਲਗਾ ਕੇ ਉਸ ਦੀ ਸੰਭਾਲ ਕਰਾਂਗੇ ।ਇਹ ਬੂਟਾ ਮੇਰੇ ਪਰਿਵਾਰ ਵੱਲੋਂ ਸ੍ਰੀ ਗੁਰੂ ਹਰਿ ਰਾਏ ਜੀ ਦੇ ਗੁਰਗੱਦੀ ਦਿਵਸ ਦੇ ਮੌਕੇ ਤੇ ਗੁਰੂ ਸਾਹਿਬ ਨੂੰ ਇੱਕ ਪ੍ਰੇਮ ਭੇਟਾ ਹੈ।

2. ਨਿੱਜੀ ਤੌਰ ਤੇ ਪਾਣੀ ਦੀ ਬੱਚਤ ਕਰਕੇ ਬਾਕੀਆਂ ਨੂੰ ਵੀ ਇਸ ਦੀ ਮਹੱਤਤਾ ਦੱਸਾਂਗੇ। ਅਤੇ ਆਪਣੇ ਸ਼ਹਿਰ ਦੀ ਗੰਦਗੀ ਘਟਾਉਣ ਵਿੱਚ ਪਰਿਵਾਰ ਸਹਿਤ ਆਪਣਾ ਨਿੱਜੀ ਯੋਗਦਾਨ ਪਾਵਾਂਗੇ।

   ਗੁਰੂ ਹਜ਼ੂਰੀ ਵਿੱਚ। ਹਸਤਾਖਰ:

## ਰੁੱਖ ਲਗਾਉਣ ਦਾ ਉੱਚਿਤ ਢੰਗ

- **ਟੋਆ ਪੁੱਟੋ:-** ਦਰੱਖਤ ਲਗਾਉਣ ਤੋਂ ਤਕਰੀਬਨ ਪੰਜ ਦਿਨ ਪਹਿਲਾਂ 2'x 2'x2' (60 ਸੈ.ਮੀ.* 60 ਸੈ.ਮੀ.* 60 ਸੈ.ਮੀ.) ਦਾ ਟੋਆ ਪੁੱਟੋ।
- ਘੱਟੋ-ਘੱਟ ਇੱਕ ਦਿਨ ਪਹਿਲਾਂ 100 ਗ੍ਰਾਮ ਨਿੰਮੋਲੀਆਂ ਲਉ, ਧੋਵੋ, ਛਿਲਕਾ ਉਤਾਰੋ ਅਤੇ ਚੰਗੀ ਤਰਾਂ ਸੁਕਾ ਲਉ। ਇਹਨਾਂ ਨੂੰ ਬਾਰੀਕ ਪੀਸ ਕੇ ਪਾਊਡਰ ਬਣਾ ਲਉ। 2 ਲਿਟਰ ਪਾਣੀ ਵਿੱਚ ਘੋਲੋ ਅਤੇ ਰਾਤ ਭਰ ਭਿਉਂ ਕੇ ਰੱਖੋ। ਘੋਲ ਨੂੰ ਦੁਬਾਰਾ ਹਿਲਾਉ।
- ਪੌਦਾ ਲਗਾਉਣ ਵਾਲੇ ਦਿਨ ਟੋਏ ਨੂੰ 10 ਕਿਲੋ ਦੇਸੀ ਜਾਂ ਕੁਦਰਤੀ ਖਾਦ ਨਾਲ ਭਰ ਦਿਉ। ਜ਼ਮੀਨ ਵਿਚਲੇ ਕੀਟਾਂ ਨੂੰ ਕੰਟਰੋਲ ਕਰਨ ਲਈ ਨਿੰਮੋਲੀਆਂ ਤੋਂ ਬਣਿਆ 2 ਲਿਟਰ ਪਦਾਰਥ ਪਾਉ।
- ਪੌਦਾ ਲਗਾਉਣ ਲੱਗਿਆਂ ਉਹਦੀ ਪੂਰੀ ਜੜ (ਬਿਨਾਂ ਮੁੜੇ) ਜਮੀਨ ਦੇ ਅੰਦਰ ਹੋਣੀ ਚਾਹੀਦੀ ਹੈ।
- **ਪਾਣੀ ਦੇਣਾ:-** ਪੌਦਾ ਲਗਾਉਣ ਤੋ ਤੁਰੰਤ ਬਾਅਦ ਪੌਦੇ ਨੂੰ ਥੋੜੇ ਜਿਹੇ ਪਾਣੀ ਨਾਲ ਸਿੰਜ ਦਿਉ।
- **ਸਹਾਰਾ ਦਿਉ:-** ਨਵੇਂ ਲੱਗੇ ਪੌਦਿਆਂ ਨੂੰ ਲੱਕੜੀ ਜਾਂ ਕਿਸੇ ਹੋਰ ਚੀਜ਼ ਦਾ ਸਹਾਰਾ ਦਿਉ ਤਾਂਕਿ ਉਹ ਸ਼ੁਰੂਆਤੀ ਦੌਰ ਵੇਲੇ ਸਿੱਧਾ ਰਹਿ ਸਕੇ।
- **ਕਟਾਈ ਕਰੋ:-** ਜਿਵੇਂ ਹੀ ਪੌਦਾ ਵਧੇ, 3 ਫੁੱਟ ਤੋਂ ਹੇਠਾਂ ਵੱਲ ਦੀਆਂ ਸ਼ਾਖਾਵਾਂ ਦੀ ਕਟਾਈ ਕੀਤੀ ਜਾਣੀ ਚਾਹੀਦੀ ਹੈ ਤਾਂਕਿ ਪੌਦਾ ਸੁੰਦਰ ਆਕਾਰ ਲੈ ਸਕੇ।
- **ਜਾਨਵਰਾਂ ਤੋਂ ਬਚਾਅ** ਲਈ ਲੋਹੇ ਜਾਂ ਲੱਕੜ ਦਾ ਜੰਗਲਾ ਬਣਾ ਕੇ ਪੌਦੇ ਦੁਆਲੇ ਲਗਾਇਆ ਜਾ ਸਕਦਾ ਹੈ।
- **ਕੀੜਿਆਂ ਤੋਂ ਬਚਾਅ:-** ਕੀੜਿਆਂ ਤੋਂ ਬਚਾਅ ਲਈ ਨਿੰਮੋਲੀਆਂ ਤੋ ਬਣਿਆ ਕੀਟਨਾਸ਼ਕ ਛਿੜਕੋ।
- **ਸਫ਼ਾਈ ਅਤੇ ਗੋਡੀ:-**ਦਰੱਖਤ ਦੇ ਆਲੇ ਦੁਆਲੇ ਕੋਈ ਜੰਗਲੀ ਘਾਹ ਨਾ ਉੱਗੇ, ਇਸ ਲਈ ਸਮੇਂ-ਸਮੇਂ ਸਿਰ ਘਾਹ ਦੀ ਕਟਾਈ ਕਰਨੀ ਚਾਹੀਦੀ ਹੈ ਅਤੇ ਗੋਡੀ ਕਰਨਾ ਵੀ ਜ਼ਰੂਰੀ ਹੈ।
- **ਸਾਲਾਨਾ ਖਾਦ ਪਾਉ:-** ਨਵੇਂ ਦਰੱਖਤ ਨੂੰ ਪਹਿਲੇ ਦੋ ਸਾਲ ਖਾਦ ਦੀ ਜ਼ਰੂਰਤ ਹੁੰਦੀ ਹੈ। ਸੋ ਇਹਨਾਂ ਦੋ ਸਾਲਾਂ ਦੌਰਾਨ 5 ਕਿਲੋ ਪ੍ਰਤਿ ਸਾਲ ਦੇਸੀ ਜਾਂ ਕੁਦਰਤੀ ਖਾਦ ਦੀ ਵਰਤੋ ਕੀਤੀ ਜਾਣੀ ਚਾਹੀਦੀ ਹੈ।

**ਪੰਜਾਬ ਦੇ ਮੌਸਮ ਦੇ ਅਨੁਕੂਲ ਰੁੱਖ**: ਨਿੰਮ, ਟਾਹਲੀ, ਬਰਕੈਨ, ਅਮਲਤਾਸ, ਸੁਹੰਜਣਾ, ਅਰਜੁਨ, ਬੇਰ, ਅਮਰੂਦ, ਨਿੰਬੂ, ਆਂਵਲਾ, ਪਿੱਪਲ, ਬੋਹੜ, ਕਿੱਕਰ, ਦਿਓਦਾਰ, ਅਸ਼ੋਕਾ, ਕਚਨਾਰ, ਕਰੰਜ, ਲਸੂੜਾ, ਬੇਲ, ਫਾਲਸਾ, ਜਾਮੁਨ ਆਦਿ ਲਗਾਏ ਜਾ ਸਕਦੇ ਹਨ। **ਫੁੱਲਾਂ ਵਾਲੇ ਪੌਦੇ**: ਸਾਲਵੀਆ, ਕਨੇਰੀਆ, ਗੇਂਦਾਂ ਆਦਿ ਲਗਾਏ ਜਾ ਸਕਦੇ ਹਨ।